**Class : III** **Subject : Punjabi**

## ਲਿੰਗ ਬਦਲੋ :

| | | | |
|---|---|---|---|
| ਪਠਾਣ - ਪਠਾਣੀ | ਸੰਦੂਕ - ਸੰਦੂਕੜੀ | ਮੱਛ - ਮੱਛੀ | ਸਿੱਖ - ਸਿੱਖਣੀ |
| ਖਿਡਾਰੀ - ਖਿਡਾਰਨ | ਪੰਜਾਬੀ - ਪੰਜਾਬਣ | ਸੇਠ - ਸੇਠਾਣੀ | ਘੋੜਾ - ਘੋੜੀ |
| ਰਿੱਛ - ਰਿੱਛਣੀ | ਪਿਤਾ - ਮਾਤਾ | | |

## ਵਚਨ ਬਦਲੋ :

| | | | |
|---|---|---|---|
| ਗਮਲਾ - ਗਮਲੇ | ਚਾਦਰ - ਚਾਦਰਾਂ | ਘੜਾ - ਘੜੇ | ਕਾਪੀ - ਕਾਪੀਆਂ |
| ਰਾਜਾ - ਰਾਜੇ | ਕਵਿਤਾ - ਕਵਿਤਾਵਾਂ | ਬਾਤ - ਬਾਤਾਂ | ਤਿੱਤਲੀ - ਤਿੱਤਲੀਆਂ |
| ਘੜੀ - ਘੜੀਆਂ | ਚਾਚਾ - ਚਾਚੇ | | |

## ਵਿਰੋਧੀ ਸ਼ਬਦ :

| | | | |
|---|---|---|---|
| ਕੱਚਾ - ਪੱਕਾ | ਚੋਰ - ਸਾਧ | ਠੰਢਾ - ਤੱਤਾ | ਨਕਦ - ਉਧਾਰ |
| ਛਾਂ - ਧੁੱਪ | ਗਰਮ - ਸਰਦ | ਅੱਗੇ - ਪਿੱਛੇ | ਅੱਗ - ਪਾਣੀ |
| ਸਵਰਗ - ਨਰਕ | ਗੁਣ - ਔਗੁਣ | | |

## ਸਮਾਨਾਰਥਕ ਸ਼ਬਦ :

| | | | |
|---|---|---|---|
| ਔਰਤ - ਇਸਤਰੀ | ਸਰਲ - ਅਸਾਨ | ਅਕਾਸ਼ - ਅੰਬਰ | ਉਸਤਾਦ - ਗੁਰੂ |
| ਉਦਾਸ - ਨਿਰਾਸ਼ | ਆਦਰ - ਸਤਿਕਾਰ | ਅਮਨ - ਸ਼ਾਂਤੀ | ਅਮੀਰ - ਦੌਲਤਮੰਦ |
| ਸੂਖਮ - ਬਰੀਕ | ਅੰਤ - ਅਖ਼ੀਰ | | |

## ਅਸ਼ੁੱਧ – ਸ਼ੁੱਧ :

| | | | |
|---|---|---|---|
| ਸਾਦੂ - ਸਾਧੂ | ਯੋਦਾ - ਯੋਧਾ | ਗੋਬੀ - ਗੋਭੀ | ਜਮੀਨ - ਜ਼ਮੀਨ |
| ਕਵਿ - ਕਵੀ | ਈਸਤਰੀ - ਇਸਤਰੀ | ਪੰਜਾਬ - ਪੰਜਾਬ | ਏਨਕ - ਐਨਕ |
| ਦੁੱਦ - ਦੁੱਧ | ਸੇਮੀਆਂ - ਸੇਵੀਆਂ | | |

## ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ :

| | |
|---|---|
| ਪਹਿਲਵਾਨਾਂ ਦੇ ਘੋਲ ਕਰਨ ਦੀ ਥਾਂ - ਅਖਾੜਾ | ਮਿੱਟੀ ਦੇ ਭਾਂਡੇ ਬਣਾਉਣ ਵਾਲਾ - ਘੁਮਿਆਰ |
| ਸੋਨੇ ਦੇ ਗਹਿਣੇ ਬਣਾਉਣ ਵਾਲਾ - ਸੁਨਿਆਰਾ | ਮਾਸ-ਮੱਛੀ ਖਾਣ ਵਾਲਾ - ਮਾਸਾਹਾਰੀ |
| ਜਿਹੜਾ ਕੰਮ ਤੋਂ ਜੀਅ ਚੁਰਾਵੇ - ਕੰਮਚੋਰ | ਲੋੜ ਤੋਂ ਵੱਧ ਗੱਲਾਂ ਕਰਨ ਵਾਲਾ - ਬੜਬੋਲਾ |
| ਕਿਸੇ ਕਲਾ ਵਿੱਚ ਮਾਹਿਰ - ਕਲਾਕਾਰ | ਜਿਹੜੇ ਸ਼ਬਦਾਂ ਦਾ ਕੋਈ ਅਰਥ ਹੋਵੇ – ਸਾਰਥਕ |
| ਕਹਾਣੀ ਲਿਖਣ ਵਾਲਾ - ਕਹਾਣੀਕਾਰ | ਚਿੱਤਰ ਬਣਾਉਣ ਵਾਲਾ - ਚਿੱਤਰਕਾਰ |

# ਨਾਂਵ

**ਪਰਿਭਾਸ਼ਾ :** ਜਿਹਨਾਂ ਸ਼ਬਦਾਂ ਤੋਂ ਕਿਸੇ ਵਿਅਕਤੀ, ਵਸਤੂ, ਸਥਾਨ, ਜੀਵ ਅਤੇ ਭਾਵਾਂ ਦੇ ਬਾਰੇ ਜਾਣਕਾਰੀ ਮਿਲੇ ਉਸ ਨੂੰ ਨਾਂਵ ਕਹਿੰਦੇ ਹਨ। ਜਿਵੇਂ : ਸ. ਭਗਤ ਸਿੰਘ, ਚਿੜੀ, ਭਾਰਤ, ਬਚਪਨ ਆਦਿ।

## ਨਾਂਵ (Activity)

1. ਹੇਠਾਂ ਕੁਝ ਨਾਂਵ ਰਲ-ਮਿਲ ਗਏ ਹਨ, ਉਨ੍ਹਾਂ ਨੂੰ ਚੁਣ ਕੇ ਸਹੀ ਕਾਲਮ ਵਿੱਚ ਲਿਖੋ :

| | | | | | | |
|---|---|---|---|---|---|---|
| ਬੱਕਰੀ | ਭਗਤ ਸਿੰਘ | ਚਾਹ | ਸਕੂਲ | ਸ਼ੇਰ | ਮੋਗਾ | ਕੁਰਸੀ |
| ਦਿੱਲੀ | ਨਲਕਾ | ਬੱਚੇ | ਅਧਿਆਪਕ | ਮਿਠਾਸ | ਖ਼ੁਸ਼ੀ | ਬੁਢਾਪਾ |

| ਵਿਅਕਤੀ | ਵਸਤੂ | ਸਥਾਨ | ਜੀਵ | ਭਾਵ |
|---|---|---|---|---|
| | | | | |
| | | | | |
| | | | | |
| | | | | |
| | | | | |

2. ਨਾਂਵ ਸ਼ਬਦ ਦੇ ਹੇਠਾਂ ਲਾਈਨ ਲਗਾਉ:

1. ਤਰੁਨ ਚੱਲ ਰਿਹਾ ਹੈ।
2. ਹਿਰਨ ਦੌੜ ਰਿਹਾ ਹੈ।
3. ਕਮਲ ਜਲੰਧਰ ਜਾ ਰਹੀ ਹੈ।
4. ਮੇਰਾ ਹਥੌੜਾ ਭਾਰਾ ਹੈ।
5. ਬਿੱਲੀ ਨੇ ਚੂਹੇ ਨੂੰ ਮਾਰ ਦਿੱਤਾ।
6. ਪੰਛੀ ਉੱਡ ਰਹੇ ਹਨ।
7. ਸਾਨੂੰ ਮੈਚ ਜਿੱਤ ਕੇ ਖ਼ੁਸ਼ੀ ਹੋਈ।
8. ਬੱਚੇ ਮੈਦਾਨ ਵਿੱਚ ਖੇਡ ਰਹੇ ਹਨ।
9. ਮੇਰਾ ਸਕੂਲ ਬਹੁਤ ਦੂਰ ਹੈ।
10. ਅੱਜ ਸਾਰੇ ਮੇਲੇ ਜਾਣਗੇ।

## ਪਾਠ – 2 : ਬਹਾਦਰੀ ਦੇ ਕਿੱਸੇ

### ਨਵੇਂ ਸ਼ਬਦ :

1. ਪਿੰਡ
2. ਬਹਾਦਰੀ
3. ਕਹਾਣੀਆਂ
4. ਬੱਚਿਆਂ
5. ਉਤਸ਼ਾਹਿਤ
6. ਦੁਸ਼ਮਣ
7. ਲੜਾਈ
8. ਨੌਕਰੀ
9. ਪੜ੍ਹਾਈ
10. ਹਮਲੇ
11. ਪਾਕਿਸਤਾਨ
12. ਪੈਨਸ਼ਨ
13. ਭਾਵਨਾ
14. ਸਰਕਾਰ
15. ਸੇਵਾ

### ਸ਼ਬਦ – ਅਰਥ

1. ਜੰਗਾਂ = ਲੜਾਈਆਂ
2. ਅਪਾਹਜ = ਅੰਗਹੀਣ
3. ਅਹੁਦੇ = ਰੁਤਬੇ
4. ਸਵਾਲ = ਪ੍ਰਸ਼ਨ
5. ਅਗਵਾਈ ਕਰਨਾ = ਅੱਗੇ ਲੱਗ ਕੇ ਚੱਲਣਾ

### ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ।

### ੲ) ਪ੍ਰਸ਼ਨ – ਉੱਤਰ :

**ਪ੍ਰ.1 ਪਿੰਡ ਵਿੱਚ ਸਾਰੇ ਹਰਦੇਵ ਸਿੰਘ ਨੂੰ ਕੀ ਕਹਿ ਕੇ ਬੁਲਾਉਂਦੇ ਸਨ?**
**ੳ.** ਪਿੰਡ ਵਿੱਚ ਸਾਰੇ ਹਰਦੇਵ ਸਿੰਘ ਨੂੰ 'ਫ਼ੌਜੀ ਚਾਚਾ' ਕਹਿ ਕੇ ਬੁਲਾਉਂਦੇ ਸਨ।

**ਪ੍ਰ.2 ਫ਼ੌਜੀ ਚਾਚੇ ਨੇ ਪਾਕਿਸਤਾਨ ਨਾਲ਼ ਕਿਹੜੀਆਂ – ਕਿਹੜੀਆਂ ਜੰਗਾਂ ਲੜੀਆਂ ਸਨ?**
ਉ. ਫ਼ੌਜੀ ਚਾਚੇ ਨੇ ਪਾਕਿਸਤਾਨ ਨਾਲ਼ 1965 ਅਤੇ 1971 ਦੀਆਂ ਜੰਗਾਂ ਲੜੀਆਂ ਸਨ।

**ਪ੍ਰ.3 ਫ਼ੌਜੀ ਚਾਚੇ ਨੇ ਬੱਚਿਆਂ ਨੂੰ ਕੀ ਕਹਿ ਕੇ ਬੁਲਾਇਆ?**
ਉ. ਫ਼ੌਜੀ ਚਾਚੇ ਨੇ ਬੱਚਿਆਂ ਨੂੰ ਪੁੱਤਰੋਂ ਅਤੇ ਸੁਹਣਿਓ ਕਹਿ ਕੇ ਬੁਲਾਇਆ।

**ਪ੍ਰ.4 ਫ਼ੌਜੀ ਚਾਚੇ ਨੇ ਬੱਚਿਆਂ ਨੂੰ ਕੀ ਕਰਨ ਲਈ ਕਿਹਾ?**
ਉ. ਫ਼ੌਜੀ ਚਾਚੇ ਨੇ ਬੱਚਿਆਂ ਨੂੰ ਪੜ੍ਹਾਈ ਕਰਨ ਲਈ ਕਿਹਾ।

ਸ. ਪ੍ਰਸ਼ਨ - ਉੱਤਰ :

ਪ੍ਰ.1 ਕਿਹੜੇ-ਕਿਹੜੇ ਬੱਚੇ ਫ਼ੌਜੀ ਚਾਚੇ ਕੋਲ ਆਏ ਸਨ ਤੇ ਕੀ ਕਰਨ ਆਏ ਸਨ?
ਉ. ਅਮਨ, ਰੋਹਨ, ਇਨਾਯਤ ਅਤੇ ਦਮਨ ਫ਼ੌਜੀ ਚਾਚੇ ਕੋਲ ਉਹਨਾਂ ਦੀਆਂ ਫ਼ੌਜ ਦੀਆਂ ਗੱਲਾਂ ਸੁਣਨ ਲਈ ਆਏ ਸਨ।

ਪ੍ਰ.2 ਫ਼ੌਜੀ ਚਾਚੇ ਨੇ ਲੰਗੜਾਅ ਕੇ ਚੱਲਣ ਦਾ ਕੀ ਕਾਰਨ ਦੱਸਿਆ?
ਉ. ਫ਼ੌਜੀ ਚਾਚੇ ਨੇ ਦੱਸਿਆ ਕਿ ਉਸ ਦੀ ਲੱਤ ਵਿੱਚ ਦੁਸ਼ਮਣ ਦੀ ਗੋਲੀ ਲੱਗੀ ਸੀ।

ਪ੍ਰ.3 ਫ਼ੌਜ ਵਿੱਚ ਕਿਹੋ ਜਿਹੇ ਬੰਦੇ ਲਈ ਕੋਈ ਥਾਂ ਨਹੀਂ ਹੁੰਦੀ ਤੇ ਉਹਨਾਂ ਨਾਲ ਕੀ ਕੀਤਾ ਜਾਦਾਂ ਹੈ?
ਉ. ਫ਼ੌਜ ਵਿੱਚ ਅਪਾਹਜ ਬੰਦੇ ਲਈ ਕੋਈ ਥਾਂ ਨਹੀਂ ਹੁੰਦੀ। ਅਪਾਹਜ ਬੰਦੇ ਨੂੰ ਪੈਨਸ਼ਨ ਦੇ ਕੇ ਘਰ ਭੇਜ ਦਿੱਤਾ ਜਾਂਦਾ ਹੈ ।

## ਪੁਸਤਕ ਅਭਿਆਸ :

ਅ. ਬਹੁ-ਵਿਕਲਪੀ ਪ੍ਰਸ਼ਨ : 1. ਫ਼ੌਜੀ 2. ਪਾਕਿਸਤਾਨ ਨਾਲ਼ 3. ਬਹਾਦਰੀ ਦੀਆਂ 4. ਲੱਤ ਵਿੱਚ 5. ਫ਼ੌਜ ਵਿੱਚ

ਹ. ਕਿਸਨੇ, ਕਿਸ ਨੂੰ ਕਹੇ : 1. ਅਮਨ ਨੇ - ਫ਼ੌਜੀ ਚਾਚੇ ਨੂੰ 2. ਰੋਹਨ ਤੇ ਦਮਨ ਨੇ - ਫ਼ੌਜੀ ਚਾਚੇ ਨੂੰ 3. ਫ਼ੌਜੀ ਚਾਚੇ ਨੇ - ਬੱਚਿਆਂ ਨੂੰ

## ਸ਼ਬਦਾਂ ਨਾਲ ਖੇਡੋ:

ੳ) ਢੁਕਵੇਂ ਜੋੜੇ ਬਣਾਉ : 1. ਹੱਸਦੇ-ਵੱਸਦੇ 2. ਖਾਂਦੇ-ਪੀਂਦੇ 3. ਰੌਣਕ- ਮੇਲਾ 4. ਆਂਦੇ- ਜਾਂਦੇ 5. ਸਵੇਰੇ- ਸ਼ਾਮ

ਅ) ਦਿੱਤੇ ਸ਼ਬਦਾਂ ਤੋਂ ਨਵੇਂ ਸ਼ਬਦ ਬਣਾਉ : 1. ਲੜਾਈ 2. ਕਲਾਈ 3. ਮਲਾਈ 4. ਸਿਲਾਈ 5. ਚੜ੍ਹਾਈ 6. ਦਿਖਾਈ

## ਤੁਹਾਡੀ ਕਲਮ ਤੋਂ: ਆਪਣੇ-ਆਪ ਕਰੋ।

## ਵਿਆਕਰਨ:

ੲ. ਇੱਕ-ਵਚਨ ਜਾਂ ਬਹੁ-ਵਚਨ : 1. ਬਹੁ-ਵਚਨ 2. ਇੱਕ-ਵਚਨ 3. ਬਹੁ-ਵਚਨ 4. ਬਹੁ-ਵਚਨ 5. ਇੱਕ-ਵਚਨ 6. ਇੱਕ-ਵਚਨ

ਸ) ਇੱਕ ਵਚਨ / ਬਹੁ-ਵਚਨ :

| | | | | | | | | | |
|---|---|---|---|---|---|---|---|---|---|
| ਇੱਕ-ਵਚਨ : | ਅੱਖ | ਵੀਰ | ਪੱਤਾ | ਰਾਤ | ਖ਼ੁਸ਼ਬੋ | ਕਾਕਾ | ਗੱਡੀ | ਸਾੜ੍ਹੀ | ਇੱਟ |
| ਬਹੁ-ਵਚਨ : | ਜੁੱਤੀਆਂ | ਹਿਰਨਾਂ | ਕੁੱਤੀਆਂ | ਮਾਵਾਂ | ਘੜੀਆਂ | ਕਥਾਵਾਂ | ਬੱਕਰੀਆਂ | | |

## ਆਰਟ ਵਿਧੀ ਰਾਹੀਂ ਭਾਸ਼ਾ ਵਿਸਥਾਰ : ਆਪਣੇ ਆਪ ਕਰੋ।

# ਪਾਠ - 3 : ਜਨਮ-ਦਿਨ ਦਾ ਅਨੋਖਾ ਤੋਹਫ਼ਾ

## ਨਵੇਂ ਸ਼ਬਦ:

1. ਖੁਸ਼ 2. ਤੋਹਫ਼ਾ 3. ਢੰਗ 4. ਬੇਨਤੀ 5. ਮਹਿਮਾਨ
6. ਸਟੇਸ਼ਨਰੀ 7. ਦੁਕਾਨਦਾਰ 8. ਪੈਕਟ 9. ਅਨੋਖੇ 10. ਸਮਝਦਾਰੀ
11. ਸਮਾਨ 12. ਬਜ਼ਾਰ 13. ਟੌਫ਼ੀਆਂ 14. ਬੱਚਿਆਂ 15. ਪੈਨਸਿਲਾਂ

## ਸ਼ਬਦ - ਅਰਥ

1. ਤੋਹਫ਼ਾ = ਉਪਹਾਰ 2. ਬੇਨਤੀ = ਪ੍ਰਾਰਥਨਾ 3. ਸਕੀਮ = ਯੋਜਨਾ
4. ਧੂਮ-ਧਾਮ ਨਾਲ਼ = ਪੂਰੇ ਜੋਸ਼ ਨਾਲ 5. ਢੰਗ = ਤਰੀਕਾ

ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ।

ਏ. ਪ੍ਰਸ਼ਨ – ਉੱਤਰ :

ਪ੍ਰ1. ਅਨਹਦ ਦੀ ਮੰਮੀ ਉਸ ਨੂੰ ਜਨਮ-ਦਿਨ 'ਤੇ ਕੀ ਲੈ ਕੇ ਦੇਣਾ ਚਾਹੁੰਦੀ ਸੀ?
ਉ. ਅਨਹਦ ਦੀ ਮੰਮੀ ਉਸ ਨੂੰ ਜਨਮਦਿਨ 'ਤੇ ਵਧੀਆ ਜਿਹਾ ਤੋਹਫ਼ਾ ਲੈ ਕੇ ਦੇਣਾ ਚਾਹੁੰਦੀ ਸੀ।

ਪ੍ਰ2. ਅਨਹਦ ਆਪਣੇ ਘਰ ਵਿੱਚ ਕਿਨ੍ਹਾਂ ਨੂੰ ਨਹੀਂ ਸੀ ਬੁਲਾਉਣਾ ਚਾਹੁੰਦਾ ?
ਉ. ਅਨਹਦ ਆਪਣੇ ਘਰ ਵਿੱਚ ਮਹਿਮਾਨਾਂ ਨੂੰ ਨਹੀਂ ਬੁਲਾਉਣਾ ਚਾਹੁੰਦਾ ਸੀ ।

ਪ੍ਰ3. ਮੁਹੱਲੇ ਵਿੱਚ ਕਿਹੋ ਜਿਹਾ ਸਕੂਲ ਚੱਲ ਰਿਹਾ ਸੀ?
ਉ. ਮਹੁੱਲੇ ਵਿੱਚ 'ਫ਼੍ਰੀ' ਸਕੂਲ ਚੱਲ ਰਿਹਾ ਸੀ ।

ਪ੍ਰ3. ਅਨਹਦ ਨੇ ਸਕੂਲ ਨੂੰ ਜਾਂਦੇ -ਜਾਂਦੇ ਕਾਹਦਾ ਪੈਕਟ ਖ਼ਰੀਦਿਆ ?
ਉ. ਅਨਹਦ ਨੇ ਸਕੂਲ ਨੂੰ ਜਾਂਦੇ -ਜਾਂਦੇ ਟੌਫ਼ੀਆਂ ਦਾ ਪੈਕਟ ਖ਼ਰੀਦਿਆ।

ਸ. ਪ੍ਰਸ਼ਨ – ਉੱਤਰ :

ਪ੍ਰ.1 ਅਨਹਦ ਆਪਣਾ ਜਨਮ-ਦਿਨ ਕੀ ਕਰਕੇ ਨਹੀਂ ਸੀ ਮਨਾਉਣਾ ਚਾਹੁੰਦਾ?
ਉ. ਅਨਹਦ ਆਪਣਾ ਜਨਮ-ਦਿਨ ਫ਼ਜ਼ੂਲ ਖਰਚੀ ਕਰਕੇ ਨਹੀਂ ਮਨਾਉਣਾ ਚਾਹੁੰਦਾ ਸੀ।

ਪ੍ਰ.2 ਅਨਹਦ ਨੇ ਪਾਪਾ ਨੂੰ ਉਸ ਸਕੂਲ ਬਾਰੇ ਕੀ-ਕੀ ਦੱਸਿਆ?
ਉ. ਅਨਹਦ ਨੇ ਦੱਸਿਆ ਕਿ ਉਹ ਫ਼੍ਰੀ ਸਕੂਲ ਹੈ ਜਿਸ ਵਿੱਚ ਗ਼ਰੀਬ ਘਰਾਂ ਦੇ ਬੱਚੇ ਪੜ੍ਹਦੇ ਹਨ।

ਪ੍ਰ.3 ਅਨਹਦ ਨੇ ਦੁਕਾਨਦਾਰ ਨੂੰ ਕੀ-ਕੀ ਦੇਣ ਲਈ ਕਿਹਾ?
ਉ. ਅਨਹਦ ਨੇ ਦੁਕਾਨਦਾਰ ਨੂੰ ਪੈੱਨ, ਪੈਨਸਿਲਾਂ, ਰਬੜਾਂ, ਸ਼ਾਰਪਨਰ, ਸਕੈੱਚ ਪੈੱਨ ਦੇਣ ਲਈ ਕਿਹਾ।

ਪ੍ਰ.4 ਸਕੂਲ ਦੇ ਬੱਚਿਆਂ ਨੇ ਅਨਹਦ ਨਾਲ ਕਿਹੋ ਜਿਹਾ ਵਰਤਾE ਕੀਤਾ?
ਉ. ਸਕੂਲ ਦੇ ਬੱਚੇ ਖ਼ੁਸ਼ ਹੋਏ ਤੇ ਉਹਨਾਂ ਨੇ ਅਨਹਦ ਨੂੰ ਗੀਤ ਵੀ ਸੁਣਾਏ।

## ਪੁਸਤਕ ਅਭਿਆਸ :

ਅ) ਬਹੁ-ਵਿਕਲਪੀ ਪ੍ਰਸ਼ਨ : 1. ਧੂਮ-ਧਾਮ ਨਾਲ਼ 2. ਗ਼ਰੀਬ 3. ਸਟੇਸ਼ਨਰੀ ਦੀ 4. ਗੀਤ

ਕ) ਖ਼ਾਲੀ ਥਾਵਾਂ ਭਰੋ : 1. ਅਨੋਖਾ 2. ਮਹਿਮਾਨਾਂ 3. ਫ਼੍ਰੀ 4. ਸਟੇਸ਼ਨਰੀ 5. ਸਮਝਦਾਰੀ

## ਸ਼ਬਦਾਂ ਨਾਲ ਖੇਡੋ:

ੳ) ਸਹੀ ਮਿਲਾਨ ਕਰੋ :
1. ਮਹਿਮਾਨ – ਅਨਹਦ ਦੇ ਜਨਮ-ਦਿਨ 'ਤੇ ਉਸ ਦੇ ਘਰ ਬਹੁਤ ਮਹਿਮਾਨ ਆਏ ਸਨ।
2. ਸਕੂਲ – ਕੋਵਿਡ ਕਰਕੇ ਸਾਡੇ ਸਕੂਲ ਬੰਦ ਹਨ।
3. ਤੋਹਫ਼ਾ – ਉਸ ਨੂੰ ਜਨਮ-ਦਿਨ ਦਾ ਵਧੀਆ ਤੋਹਫ਼ਾ ਮਿਲਿਆ।
4. ਦੁਕਾਨ – ਅਨਹਦ ਆਪਣੇ ਪਾਪਾ ਨਾਲ਼ ਦੁਕਾਨ 'ਤੇ ਤੋਹਫ਼ੇ ਲੈਣ ਗਿਆ।
5. ਬਜ਼ਾਰ – ਬਜ਼ਾਰ ਵਿੱਚ ਦੀਵਾਲੀ ਦੇ ਮੌਕੇ 'ਤੇ ਬਹੁਤ ਰੌਣਕ ਹੈ ।

ਅ) ਹੇਠਾਂ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ:

| | | | |
|---|---|---|---|
| 1. ਖ਼ੁਸ਼ | – | खुश | Happy |
| 2. ਤੋਹਫ਼ਾ | – | उपहार | Gift |
| 3. ਪੁੱਤਰ | – | पुत्र | Son |
| 4. ਮਹਿਮਾਨ | – | मेहमान | Guest |
| 5. ਗ਼ਰੀਬ | – | गरीब | Poor |

## ਵਿਆਕਰਨ:

ੲ) ਲਿੰਗ ਬਦਲੀ ਕਰੋ : 1. ਮੋਰਨੀ 2. ਕਬੂਤਰ 3. ਪੰਜਾਬਣ 4. ਮਿੱਤਰ 5. ਸਾਥਣ 6. ਮੁੰਡਾ 7. ਪਤਲੀ 8. ਸੇਠ 9. ਬਾਘਣੀ 10. ਸ਼ੇਰ 11. ਪੱਖੀ 12. ਪਤੀ

## ਤੁਹਾਡੀ ਕਲਮ ਤੋਂ: ਆਪਣੇ-ਆਪ ਕਰੋ।

## ਆਰਟ ਵਿਧੀ ਰਾਹੀਂ ਭਾਸ਼ਾ ਵਿਸਥਾਰ : ਆਪਣੇ ਆਪ ਕਰੋ।

## ਪਾਠ - 5 : ਕੋਹਲੂ ਦਾ ਵਛੇਰਾ

### ਨਵੇਂ ਸ਼ਬਦ :

| | | | | |
|---|---|---|---|---|
| 1. ਘੋੜੀ | 2. ਸਵਾਰੀ | 3. ਗਿੱਦੜ | 4. ਸਰਦੀਆਂ | 5. ਝਗੜਾ |
| 6. ਨੀਂਦ | 7. ਸਮੁੰਦਰ | 8. ਵਛੇਰੇ | 9. ਪੰਚਾਇਤ | 10. ਧੰਨਵਾਦ |
| 11. ਰਾਤ | 12. ਗਰਮੀਆਂ | 13. ਆਦਮੀ | 14. ਕੁਦਰਤੀ | 15. ਬੇਈਮਾਨ |

### ਸ਼ਬਦ - ਅਰਥ

1. ਤੇਲੀ = ਤੇਲ ਕੱਢਣ ਵਾਲਾ 2. ਕੋਹਲੂ = ਤੇਲ ਕੱਢਣ ਵਾਲ਼ੀ ਮਸ਼ੀਨ 3. ਬਰਸਾਤ = ਵਰਖਾ
4. ਘੁਰਨਾ = ਜੰਗਲ਼ੀ ਜਨੌਰ ਦਾ ਘਰ 5. ਪੰਚ = ਪੰਚਾਇਤ ਮੈਂਬਰ

### ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ।

### ੲ) ਪ੍ਰਸ਼ਨ - ਉੱਤਰ :

ਪ੍ਰ1. ਉਹ ਆਦਮੀ ਕਿੱਥੇ ਜਾ ਰਿਹਾ ਸੀ?
ਉ. ਉਹ ਆਦਮੀ ਕਿਤੇ ਬਾਹਰ ਜਾ ਰਿਹਾ ਸੀ ।

ਪ੍ਰ2. ਆਦਮੀ ਉਸ ਪਿੰਡ ਵਿੱਚ ਕਿਉਂ ਰੁਕਿਆ?
ਉ. ਸ਼ਾਮ ਛੇਤੀ ਹੋਣ ਕਰਕੇ ਆਦਮੀ ਉਸ ਪਿੰਡ ਵਿੱਚ ਰੁਕਿਆ।

ਪ੍ਰ3. ਤੇਲੀ ਅਨੁਸਾਰ ਵਛੇਰਾ ਕਿਸ ਨੇ ਦਿੱਤਾ ਸੀ?
ਉ. ਤੇਲੀ ਅਨੁਸਾਰ ਵਛੇਰਾ ਕੋਹਲੂ ਨੇ ਦਿੱਤਾ ਸੀ।

ਪ੍ਰ4. ਗਿੱਦੜ ਪੰਚਾਇਤ ਦੇ ਸਾਹਮਣੇ ਕੀ ਕਰ ਰਿਹਾ ਸੀ?
ਉ. ਗਿੱਦੜ ਪੰਚਾਇਤ ਦੇ ਸਾਹਮਣੇ ਸੌਣ ਦਾ ਨਾਟਕ ਕਰ ਰਿਹਾ ਸੀ।

### ਸ. ਪ੍ਰਸ਼ਨ - ਉੱਤਰ :

ਪ੍ਰ1. ਗਿੱਦੜ ਨੇ ਉਸ ਆਦਮੀ ਨੂੰ ਕੀ ਬੇਨਤੀ ਕੀਤੀ?
ਉ. ਗਿੱਦੜ ਨੇ ਉਸ ਆਦਮੀ ਨੂੰ ਘੋੜੀ ਉੱਤੇ ਬਿਠਾਕੇ ਨਦੀ ਤੱਕ ਲੈ ਜਾਣ ਦੀ ਬੇਨਤੀ ਕੀਤੀ।

ਪ੍ਰ2. ਘੋੜੀ ਨੇ ਕਿਸ ਨੂੰ ਜਨਮ ਦਿੱਤਾ ਸੀ ਤੇ ਕੌਣ ਬੇਈਮਾਨ ਹੋ ਗਿਆ ਸੀ?
ਉ. ਘੋੜੀ ਨੇ ਵਛੇਰੇ ਨੂੰ ਜਨਮ ਦਿੱਤਾ ਸੀ ਤੇ ਤੇਲੀ ਬੇਈਮਾਨ ਹੋ ਗਿਆ ਸੀ।

ਪ੍ਰ3. ਗਿੱਦੜ ਨੇ ਰਾਤ ਨੂੰ ਨੀਂਦ ਨਾ ਆਉਣ ਦਾ ਕੀ ਕਾਰਨ ਦੱਸਿਆ?
ਉ. ਗਿੱਦੜ ਨੇ ਦੱਸਿਆ ਕਿ ਉਹ ਸਾਰੀ ਰਾਤ ਸਮੁੰਦਰ ਵਿੱਚ ਲੱਗੀ ਅੱਗ ਬੁਝਾਉਂਦਾ ਰਿਹਾ।

ਪ੍ਰ4. ਪੰਚਾਇਤ ਨੇ ਉਸ ਆਦਮੀ ਨੂੰ ਕੀ ਕਿਹਾ?
ਉ. ਪੰਚਾਇਤ ਨੇ ਉਸ ਆਦਮੀ ਨੂੰ ਤੇਲੀ ਨੂੰ ਮਾਫ਼ ਕਰਨ ਬਾਰੇ ਕਿਹਾ।

**ਪੁਸਤਕ ਅਭਿਆਸ :**

**ਅ) ਬਹੁ-ਵਿਕਲਪੀ ਪ੍ਰਸ਼ਨ :** 1) ਗਿੱਦੜ 2) ਪੈਰ 'ਤੇ 3) ਤੇਲੀ ਦੇ 4) ਸਮੁੰਦਰ ਨੂੰ 5) ਭਲਾਈ

**ਹ) ਖ਼ਾਲੀ ਥਾਵਾਂ ਭਰੋ :** 1) ਪੈਰ 2) ਬਰਸਾਤ 3) ਗਵਾਹ 4) ਸਮੁੰਦਰ 5) ਹੋ

**ਕ) ਕਿਸ ਨੇ ਕਿਸ ਨੂੰ ਕਹੇ:** 1. ਗਿੱਦੜ ਨੇ - ਆਦਮੀ ਨੂੰ 2. ਤੇਲੀ ਨੇ - ਆਦਮੀ ਨੂੰ 3. ਪੰਚ ਨੇ - ਗਿੱਦੜ ਨੂੰ

**ਸ਼ਬਦਾਂ ਨਾਲ ਖੇਡੋ:**

**ੳ. ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ :** ਆਪਣੇ ਆਪ ਕਰੋ।

**ਵਿਆਕਰਨ:**

**ਅ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ:** 1. ਤੇਲੀ 2. ਘੁਰਨਾ 3. ਵਛੇਰਾ 4. ਕੋਹਲੂ

**ੲ) ਸ਼ਬਦਾਂ ਲਈ ਇੱਕ ਸ਼ਬਦ:** 1. ਡਰਾਈਵਰ 2. ਅਧਿਆਪਕ 3. ਹਲਵਾਈ 4. ਧੋਬੀ

**ਤੁਹਾਡੀ ਕਲਮ ਤੋਂ:** ਆਪਣੇ-ਆਪ ਕਰੋ।

**ਆਰਟ ਵਿਧੀ ਰਾਹੀਂ ਭਾਸ਼ਾ ਵਿਸਥਾਰ :** ਆਪਣੇ ਆਪ ਕਰੋ।

## ਪਾਠ - 6 : ਮੋਟੂ ਸਿਪਾਹੀ

**ਨਵੇਂ ਸ਼ਬਦ :**

| | | | | |
|---|---|---|---|---|
| 1. ਤੀਸਰੀ | 2. ਬੱਤੀਆਂ | 3. ਸਿਪਾਹੀ | 4. ਸਰੀਰ | 5. ਪ੍ਰਾਰਥਨਾ |
| 6. ਘੰਟੀ | 7. ਪ੍ਰਿੰਸੀਪਲ | 8. ਇੰਸਪੈਕਟਰ | 9. ਸਕੂਟਰ | 10. ਸਾਈਕਲ |
| 11. ਸਕੂਲ | 12. ਪੁਲਿਸ | 13. ਆਵਾਜਾਈ | 14. ਨਿਯਮਾਂ | 15. ਸੜਕ |

**ਸ਼ਬਦ - ਅਰਥ**

| | | |
|---|---|---|
| 1. ਫਿੱਟ = ਮਜ਼ਬੂਤ | 2. ਕਾਹਲ਼ੀ = ਜਲਦੀ | 3. ਵਿਸ਼ੇਸ਼ = ਖ਼ਾਸ |
| 4. ਦਲੇਰੀ = ਬਹਾਦਰੀ | 5. ਟ੍ਰੇਨਿੰਗ = ਸਿਖਲਾਈ | |

**ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ।**

**ੲ) ਪ੍ਰਸ਼ਨ - ਉੱਤਰ :**

**ਪ੍ਰ.1 ਰੂਬਲ ਰੋਜ਼ ਬੱਤੀਆਂ ਵਾਲੇ ਚੌਕ ਵਿੱਚ ਕਿਸ ਨੂੰ ਦੇਖਦਾ ਸੀ?**

ਉ. ਰੂਬਲ ਰੋਜ਼ ਬੱਤੀਆਂ ਵਾਲੇ ਚੌਕ ਵਿੱਚ ਮੋਟੂ ਸਿਪਾਹੀ ਨੂੰ ਦੇਖਦਾ ਸੀ।

**ਪ੍ਰ.2 ਪ੍ਰਾਰਥਨਾ-ਸਭਾ ਵਿੱਚ ਕੌਣ ਬੋਲਿਆ?**

ਉ. ਪ੍ਰਾਰਥਨਾ ਸਭਾ ਵਿੱਚ ਪੁਲਿਸ ਇੰਸਪੈਕਟਰ ਬੋਲਿਆ।

**ਪ੍ਰ.3 ਸਾਨੂੰ ਕਾਰ ਚਲਾਉਂਦੇ ਸਮੇਂ ਕੀ ਲਗਾਉਣਾ ਚਾਹੀਦਾ ਹੈ?**

ਉ. ਸਾਨੂੰ ਕਾਰ ਚਲਾਉਂਦੇ ਸਮੇਂ ਸੀਟ ਬੈਲਟ ਲਗਾਉਣੀ ਚਾਹੀਦੀ ਹੈ।

**ਪ੍ਰ.4 ਰੂਬਲ ਦੀ ਮੋਟੂ ਸਿਪਾਹੀ ਬਾਰੇ ਗੱਲ ਸੁਣ ਕੇ ਇੰਸਪੈਕਟਰ ਨੇ ਕੀ ਕੀਤਾ?**

**ਉ.** ਇੰਸਪੈਕਟਰ ਨੇ ਮੋਟੂ ਸਿਪਾਹੀ ਨੂੰ ਵਿਸ਼ੇਸ਼ ਟ੍ਰੇਨਿੰਗ ਕੈਂਪ ਵਿੱਚ ਭੇਜ ਦਿੱਤਾ।

**ਸ. ਪ੍ਰਸ਼ਨ - ਉੱਤਰ :**

**ਪ੍ਰ.1 ਰੂਬਲ ਤੇ ਉਸ ਦੀ ਦੀਦੀ ਬੱਤੀਆਂ ਵਾਲੇ ਚੌਕ ਵਿੱਚ ਜਾ ਕੇ ਕੀ ਕਰਦੇ ਸਨ?**

ਉ. ਰੂਬਲ ਤੇ ਉਸ ਦੀ ਦੀਦੀ ਬੱਤੀਆਂ ਵਾਲੇ ਚੌਕ ਵਿੱਚ ਜਾ ਕੇ ਲਾਲ ਬੱਤੀ ਤੇ ਰੁੱਕ ਜਾਂਦੇ। ਜਦੋਂ ਹਰੀ ਬੱਤੀ ਹੁੰਦੀ, ਉਦੋਂ ਹੀ ਚੌਕ ਪਾਰ ਕਰਦੇ ਸਨ ।

ਪ੍ਰ.2 ਮੋਟੂ ਸਿਪਾਹੀ ਨੂੰ ਵੇਖ ਕੇ ਰੂਬਲ ਦੇ ਮਨ ਵਿੱਚ ਕੀ ਆਉਂਦਾ ਸੀ?
ਉ. ਰੂਬਲ ਦੇ ਮਨ ਵਿੱਚ ਆਉਂਦਾ ਕਿ ਉਹ ਚੋਰ ਲੁਟੇਰਿਆਂ ਨੂੰ ਕਿਸ ਤਰ੍ਹਾਂ ਫੜੇਗਾ।

ਪ੍ਰ.3 ਆਵਾਜਾਈ ਦੇ ਤਿੰਨ ਨਿਯਮ ਲਿਖੋ।
ਉ. 1. ਕਾਰ ਚਲਾਉਂਦੇ ਸਮੇਂ ਸੀਟ ਬੈਲਟ ਦੀ ਵਰਤੋਂ ਕਰੋ।
2. ਆਪਣੇ ਖੱਬੇ ਹੱਥ ਚੱਲੋ।
3. ਸੜਕ ਤੇ ਕੋਈ ਵੀ ਖੇਡ ਨਾ ਖੇਡੋ।

ਪ੍ਰ.4 ਉਸ ਮੋਟੂ ਸਿਪਾਹੀ ਨੂੰ ਫਿੱਟ ਬਣਾਉਣ ਲਈ ਕੀ ਕੀਤਾ ਗਿਆ?
ਉ. ਮੋਟੂ ਸਿਪਾਹੀ ਨੂੰ ਫਿੱਟ ਬਣਾਉਣ ਲਈ ਵਿਸ਼ੇਸ਼ ਟ੍ਰੇਨਿੰਗ ਕੈਂਪ ਤੇ ਭੇਜ ਦਿੱਤਾ ਗਿਆ।

## ਪੁਸਤਕ ਅਭਿਆਸ :

ਅ) ਬਹੁ-ਵਿਕਲਪੀ ਪ੍ਰਸ਼ਨ : 1) ਪੈਦਲ ਚੱਲ ਕੇ 2) ਮੋਟੂ ਜਿਹਾ 3) ਆਵਾਜਾਈ ਦੇ ਨਿਯਮਾਂ ਬਾਰੇ 4) ਹੈਲਮੈਟ 5) ਹਰੀ

ਹ) ਖ਼ਾਲੀ ਥਾਵਾਂ ਭਰੋ : 1) ਪੰਜਵੀਂ 2) ਮੋਟੂ 3) ਪ੍ਰਾਰਥਨਾ 4) ਮੋਬਾਈਲ 5) ਟ੍ਰੇਨਿੰਗ

ਕ) ਠੀਕ ਅਤੇ ਗ਼ਲਤ : 1) ✓ 2) × 3) ✓ 4) ×

## ਸ਼ਬਦਾਂ ਨਾਲ ਖੇਡੋ:

ੳ) ਵਾਕਾਂ ਵਿੱਚ ਵਰਤੋ : ਆਪਣੇ ਆਪ ਕਰੋ।

## ਵਿਆਕਰਨ :

ਅ) ਸ਼ੁੱਧ ਕਰਕੇ ਲਿਖੋ : 1. ਰੂਬਲ ਦੀ ਦੀਦੀ ਪੰਜਵੀਂ ਜਮਾਤ ਵਿੱਚ ਪੜ੍ਹਦੀ ਹੈ। 2. ਰੂਬਲ ਸਕੂਲ ਦਾ ਕੰਮ ਕਰ ਰਿਹਾ ਹੈ। 3. ਮੁੰਡੇ ਖੇਡ ਰਹੇ ਹਨ। 4. ਸੀਮਾ ਸਕੂਲ ਦਾ ਕੰਮ ਕਰ ਰਹੀ ਹੈ।

ੲ) ਸ਼ੁੱਧ ਸ਼ਬਦ ਤੇ ਗੋਲਾ : 1. ਮੋਟੂ 2. ਪੁਲਿਸ 3. ਬਾਅਦ 4. ਵਿਸ਼ੇਸ਼

**ਤੁਹਾਡੀ ਕਲਮ ਤੋਂ:** ਆਪਣੇ-ਆਪ ਕਰੋ।
**ਆਰਟ ਵਿਧੀ ਰਾਹੀਂ ਭਾਸ਼ਾ ਵਿਸਥਾਰ :** ਆਪਣੇ ਆਪ ਕਰੋ।

# ਪਾਠ - 8 : ਖ਼ੂਨੀ ਸਾਕਾ

## ਨਵੇਂ ਸ਼ਬਦ :

| | | | | |
|---|---|---|---|---|
| 1. ਖ਼ੂਨ | 2. ਜ਼ਿੰਮੇਵਾਰ | 3. ਸਜ਼ਾ | 4. ਦੋਸ਼ੀਆਂ | 5. ਲੰਡਨ |
| 6. ਹੁਕਮ | 7. ਜੱਲ੍ਹਿਆਂਵਾਲ਼ਾ ਬਾਗ਼ | 8. ਮਰਜ਼ੀ | 9. ਪੰਜਾਬ | 10. ਕੁਰਬਾਨ |
| 11. ਅੰਗਰੇਜ਼ਾਂ | 12. ਅੰਮ੍ਰਿਤਸਰ | 13. ਜ਼ਾਲਮ | 14. ਗੋਲੀਆਂ | 15. ਸ਼ਹੀਦ |

## ਸ਼ਬਦ - ਅਰਥ

1. ਖ਼ੂਨੀ ਸਾਕਾ = ਖ਼ੂਨੀ ਘਟਨਾ
2. ਅੰਞਾਈਂ = ਵਿਅਰਥ
3. ਕੌਲ = ਪ੍ਰਣ
4. ਮਕਸਦ = ਉਦੇਸ਼
5. ਕਾਮਯਾਬ = ਸਫ਼ਲ

## ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ।

## ੲ) ਪ੍ਰਸ਼ਨ - ਉੱਤਰ :

ਪ੍ਰ1. ਖ਼ੂਨੀ ਸਾਕਾ ਦਾ ਕੀ ਅਰਥ ਹੈ?
ਉ. ਵੱਡੇ ਪੱਧਰ ਤੇ ਲੋਕਾਂ ਦਾ ਖ਼ੂਨ ਵਹਾਉਣਾ।

ਪ੍ਰ2. ਖ਼ੂਨੀ ਸਾਕਾ ਕਿੱਥੇ ਵਾਪਰਿਆ ਸੀ?
ਉ. ਖ਼ੂਨੀ ਸਾਕਾ ਅੰਮ੍ਰਿਤਸਰ ਦੇ ਜੱਲ੍ਹਿਆਂਵਾਲ਼ਾ ਬਾਗ਼ ਵਿੱਚ ਵਾਪਰਿਆ ਸੀ।

ਪ੍ਰ3. ਊਧਮ ਸਿੰਘ ਨੇ ਆਪਣਾ ਨਾਂ ਕੀ ਰੱਖਿਆ ਸੀ?
ਉ. ਊਧਮ ਸਿੰਘ ਨੇ ਆਪਣਾ ਨਾਂ ਰਾਮ ਮੁਹਮੰਦ ਸਿੰਘ ਅਜ਼ਾਦ ਰੱਖਿਆ ਸੀ।

ਪ੍ਰ4. ਮਾਈਕਲ ਓਡਵਾਇਰ ਉਸ ਵੇਲ਼ੇ ਪੰਜਾਬ ਦਾ ਕੀ ਸੀ?
ਉ. ਮਾਈਕਲ ਓਡਵਾਇਰ ਉਸ ਵੇਲ਼ੇ ਪੰਜਾਬ ਦਾ ਗਵਰਨਰ ਜਨਰਲ ਸੀ।

ਪ੍ਰ5. ਊਧਮ ਸਿੰਘ ਨੇ ਮਾਈਕਲ ਓਡਵਾਇਰ ਨੂੰ ਕਾਹਦੇ ਨਾਲ਼ ਮਾਰਿਆ?
ਉ. ਊਧਮ ਸਿੰਘ ਨੇ ਮਾਈਕਲ ਓਡਵਾਇਰ ਨੂੰ ਬੰਦੂਕ ਦੀ ਗੋਲੀਆਂ ਨਾਲ਼ ਮਾਰਿਆ।

## ਸ) ਪ੍ਰਸ਼ਨ - ਉੱਤਰ :

ਪ੍ਰ1. ਖ਼ੂਨੀ ਸਾਕਾ ਕਦੋਂ ਤੇ ਕਿਵੇਂ ਵਾਪਰਿਆ ਸੀ?
ਉ. ਖ਼ੂਨੀ ਸਾਕਾ 13 ਅਪਰੈਲ 1919 ਨੂੰ ਅੰਨ੍ਹੇ-ਵਾਹ ਗੋਲੀਆਂ ਚਲਾ ਕੇ ਵਾਪਰਿਆ ਸੀ ।

ਪ੍ਰ1. ਖ਼ੂਨੀ ਸਾਕੇ ਵੇਲੇ ਸ: ਊਧਮ ਸਿੰਘ ਨੇ ਕੀ ਸਹੁੰ ਖਾਧੀ ਸੀ?
ਉ. ਸ: ਊਧਮ ਸਿੰਘ ਨੇ ਸਹੁੰ ਖਾਧੀ ਕਿ ਜਨਰਲ ਡਾਇਰ ਤੇ ਮਾਈਕਲ ਓਡਵਾਇਰ ਨੂੰ ਮਾਰ ਕੇ ਹੀ ਚੈਨ ਨਾਲ ਬੈਠੇਗਾ।

ਪ੍ਰ2. ਖ਼ੂਨੀ ਸਾਕੇ ਲਈ ਜ਼ਿੰਮੇਵਾਰ ਕੌਣ-ਕੌਣ ਸਨ ਤੇ ਉਹ ਕਿੱਦਾਂ ਦੇ ਇਨਸਾਨ ਸਨ?
ਉ. ਖ਼ੂਨੀ ਸਾਕੇ ਲਈ ਜਨਰਲ ਡਾਇਰ ਤੇ ਮਾਈਕਲ ਓਡਵਾਇਰ ਜ਼ਿੰਮੇਵਾਰ ਸਨ। ਉਹ ਜ਼ਾਲਮ ਕਿਸਮ ਦੇ ਇਨਸਾਨ ਸਨ।

ਪ੍ਰ3. ਲੰਡਨ ਵਿੱਚ ਜਾ ਕੇ ਊਧਮ ਸਿੰਘ ਨੂੰ ਕੀ ਪਤਾ ਲੱਗਾ?
ਉ. ਲੰਡਨ ਵਿੱਚ ਜਾ ਕੇ ਊਧਮ ਸਿੰਘ ਨੂੰ ਪਤਾ ਲੱਗਿਆ ਕਿ ਜਨਰਲ ਡਾਇਰ ਮਰ ਚੁੱਕਿਆ ਹੈ ।

ਪ੍ਰ.4 ਬਦਲਾ ਪੂਰਾ ਕਰਕੇ ਊਧਮ ਸਿੰਘ ਨੇ ਕੀ ਕਿਹਾ ਸੀ?
ਉ. ਬਦਲਾ ਪੂਰਾ ਕਰਕੇ ਊਧਮ ਸਿੰਘ ਨੇ ਕਿਹਾ ਕਿ "ਹੁਣ ਭਾਵੇ ਮੈਨੂੰ ਮਾਰੋ ਭਾਵੇਂ ਜੋ ਮਰਜ਼ੀ ਕਰੋ, ਮੈਨੂੰ ਕੋਈ ਗ਼ਮ ਨਹੀਂ ਹੈ।"

## ਪੁਸਤਕ ਅਭਿਆਸ :

ਅ) ਬਹੁ-ਵਿਕਲਪੀ ਪ੍ਰਸ਼ਨ : 1) ਤੇਰਾਂ ਅਪਰੈਲ 2) ਅੰਮ੍ਰਿਤਸਰ ਵਿਖੇ 3) ਜ਼ਾਲਮ 4) ਗੋਲ਼ੀਆਂ ਦੀ 5) ਇੱਕੀ ਸਾਲ

ਹ) ਖ਼ਾਲੀ ਥਾਵਾਂ ਭਰੋਂ: 1. ਖ਼ੂਨ 2. ਅੰਨ੍ਹੇ 3. ਅਜ਼ਾਦ 4. ਇੱਕੀ 5. ਪੰਜਾਬ

## ਸ਼ਬਦਾਂ ਨਾਲ ਖੇਡੋ:

ੳ) ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ : ਆਪਣੇ ਆਪ ਕਰੋ।

## ਵਿਆਕਰਨ :

ਅ) ਆਮ ਜਾਂ ਖ਼ਾਸ ਨਾਵ ਸਾਹਮਣੇ 'ਅ' ਜਾਂ 'ਖ਼' ਲਿਖੋ :
1. ਕੁੱਤਾ- ਅ
2. ਕੁੜੀ- ਅ
3. ਅਮਨ- ਖ਼
4. ਮੰਦਰ-ਅ
5. ਗੁਰੂ ਨਾਨਕ ਦੇਵ ਜੀ - ਖ਼
6. ਰਾਜਨ- ਖ਼
7. ਮੈਟਰੋ- ਹਸਪਤਾਲ- ਖ਼
8. ਜਨਵਰੀ- ਖ਼

ੲ. ਆਮ ਨਾਵਾਂ ਲਈ ਤਿੰਨ-ਤਿੰਨ ਖ਼ਾਸ ਨਾਂਵ ਲਿਖੋ:
1. ਲੜਕਾ- ਹਰਮਨ, ਰਮਨ, ਸੁਰਿੰਦਰ
2. ਸ਼ਹਿਰ- ਬਰਨਾਲਾ, ਪਟਿਆਲਾ, ਚੰਡੀਗੜ੍ਹ
3. ਖਿਡਾਰੀ- ਕਪਿਲ ਦੇਵ, ਸਚਿਨ ਤੇਂਦੁਲਕਰ, ਵਿਰਾਟ ਕੋਹਲੀ
4. ਦੇਸ਼- ਭਾਰਤ, ਅਮਰੀਕਾ, ਇੰਗਲੈਂਡ

## ਤੁਹਾਡੀ ਕਲਮ ਤੋਂ: ਆਪਣੇ-ਆਪ ਕਰੋ।

## ਆਰਟ ਵਿਧੀ ਰਾਹੀਂ ਭਾਸ਼ਾ ਵਿਸਥਾਰ : ਆਪਣੇ ਆਪ ਕਰੋ।

## ਅਰਜ਼ੀ / ਪੱਤਰ

**ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਜ਼ਰੂਰੀ ਕੰਮ ਹੋਣ ਤੇ ਛੁੱਟੀ ਲੈਣ ਲਈ ਬਿਨੈ ਪੱਤਰ ਲਿਖੋ।**

ਸੇਵਾ ਵਿਖੇ

ਮੁੱਖ ਅਧਿਆਪਕ ਜੀ,
ਮਦਰ ਟੀਚਰ ਸਕੂਲ,
ਬਰਨਾਲਾ।

ਸ਼੍ਰੀ ਮਾਨ ਜੀ,

ਬੇਨਤੀ ਹੈ ਕਿ ਅੱਜ ਮੈਨੂੰ ਘਰ ਵਿੱਚ ਇੱਕ ਜ਼ਰੂਰੀ ਕੰਮ ਪੈ ਗਿਆ ਹੈ। ਇਸ ਲਈ ਮੈਂ ਅੱਜ ਸਕੂਲ ਨਹੀਂ ਆ ਸਕਦਾ / ਸਕਦੀ। ਕਿਰਪਾ ਕਰਕੇ ਮੈਨੂੰ ਇੱਕ ਦਿਨ ਦੀ ਛੁੱਟੀ ਦਿੱਤੀ ਜਾਵੇ।

ਮੈਂ ਆਪ ਦਾ / ਦੀ ਧੰਨਵਾਦੀ ਹੋਵਾਂਗਾ / ਹੋਵਾਂਗੀ।

ਆਪਜੀ ਦਾ / ਦੀ ਆਗਿਆਕਾਰੀ,
ਨਾਮ : ____________________,
ਰੋਲ ਨੰਬਰ : __________,
ਜਮਾਤ : ਤੀਸਰੀ।

ਮਿਤੀ : ____________________

**ਮਿੱਤਰ / ਸਹੇਲੀ ਨੂੰ ਜਨਮ ਦਿਨ ਤੇ ਵਧਾਈ ਪੱਤਰ ਲਿਖੋ।**

ਪ੍ਰੀਖਿਆ ਭਵਨ,
ਬਰਨਾਲਾ।
ਮਿਤੀ : ____________

ਪਿਆਰੇ ਮਿੱਤਰ ________ / ਪਿਆਰੀ ਸਹੇਲੀ ______________,

ਸਤਿ ਸ਼੍ਰੀ ਅਕਾਲ।

ਮੈਨੂੰ ਯਾਦ ਹੈ ਕਿ 20 ਮਈ ਨੂੰ ਤੇਰਾ ਜਨਮ ਦਿਨ ਹੈ। ਇਸ ਸ਼ੁੱਭ ਦਿਹਾੜੇ ਤੇ ਮੈਂ ਪਹੁੰਚ ਤਾਂ ਨਹੀਂ ਸਕਦਾ / ਸਕਦੀ ਪਰ ਆਪਣੀਆਂ ਸ਼ੁੱਭ ਇੱਛਾਵਾਂ ਭੇਜ ਰਿਹਾ / ਰਹੀ ਹਾਂ। ਮੇਰੇ ਵੱਲੋਂ ਇੱਕ ਛੋਟਾ ਜਿਹਾ ਤੋਹਫ਼ਾ ਸਵੀਕਾਰ ਕਰੀਂ।
ਤੇਰੇ ਮਾਤਾ-ਪਿਤਾ ਨੂੰ ਬਹੁਤ-ਬਹੁਤ ਵਧਾਈ।

ਤੇਰਾ ਮਿੱਤਰ / ਤੇਰੀ ਸਹੇਲੀ,
(ਨਾਮ) ।

## ਕਹਾਣੀ - ਚਲਾਕ ਬਗਲਾ

ਇੱਕ ਤਲਾਬ ਵਿੱਚ ਬਹੁਤ ਸਾਰੀਆਂ ਮੱਛੀਆਂ ਤੇ ਇੱਕ ਬਗਲਾ ਰਹਿੰਦਾ ਸੀ। ਗਰਮੀ ਦੇ ਮੌਸਮ ਕਾਰਨ ਤਲਾਬ ਦਾ ਪਾਣੀ ਸੁੱਕ ਗਿਆ ਤੇ ਬਗਲੇ ਨੇ ਤਰਸਯੋਗ ਮੂੰਹ ਬਣਾ ਕੇ ਮੱਛੀਆਂ ਨੂੰ ਕਿਹਾ ਕਿ ਹੁਣ ਤੁਸੀਂ ਮਰ ਜਾਵੋਗੀਆਂ। ਮੈਂ ਤੁਹਾਨੂੰ ਵੱਡੇ ਤਲਾਬ ਵਿੱਚ ਛੱਡ ਆਉਂਦਾ ਹਾਂ। ਬਗਲਾ ਚਲਾਕ ਹੋਣ ਕਰਕੇ ਸਾਰੀਆਂ ਮੱਛੀਆਂ ਨੂੰ ਇੱਕ - ਇੱਕ ਕਰਕੇ ਖਾ ਗਿਆ। ਹੁਣ ਤਲਾਬ ਵਿੱਚ ਇੱਕ ਕੇਕੜਾ ਹੀ ਰਹਿ ਗਿਆ ਸੀ। ਕੇਕੜਾ ਬਗਲੇ ਦੀ ਗਰਦਨ ਉੱਪਰ ਬੈਠ ਕੇ ਜਾਣ ਲਈ ਤਿਆਰ ਹੋ ਗਿਆ ਤੇ ਕੇਕੜਾ ਉਸ ਥਾਂ ਤੇ ਪੁੱਜ ਕੇ ਮੱਛੀਆਂ ਦੀਆਂ ਹੱਡੀਆਂ ਵੇਖ ਕੇ ਸਮਝ ਗਿਆ ਕਿ ਬਗਲਾ ਮੱਛੀਆਂ ਖਾ ਗਿਆ ਹੈ। ਇਸ ਕਰਕੇ ਕੇਕੜੇ ਨੇ ਬਗਲੇ ਦੀ ਗਰਦਨ ਨੱਪ ਲਈ ਤੇ ਉਸ ਨੂੰ ਤਲਾਬ ਦੇ ਕੰਢੇ ਲਜਾ ਕੇ ਮਾਰ ਦਿੱਤਾ।

**ਸਿੱਖਿਆ- ਜਿਹਾ ਕਰੋਗੇ ਤਿਹਾ ਭਰੋਗੇ।**